ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮਿਤੀ 11 ਫਰਵਰੀ ਮੰਗਲਵਾਰ 2025
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਨਟਾਰੀਓ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# 'ਹਾਲਾਤ ਵਿਗੜ ਜਾਣਗੇ' ਜੇ ਸ਼ਨਿੱਚਰਵਾਰ ਤੱਕ ਹਮਾਸ ਨੇ ਬੰਦੀਆਂ ਨੂੰ ਆਜ਼ਾਦ ਨਾ ਕੀਤਾ: ਟਰੰਪ



ਵਾਸ਼ਿੰਗਟਨ, 11 ਫਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਜੇਕਰ ਹਮਾਸ ਸ਼ਨੀਵਾਰ 12 ਵਜੇ ਤੱਕ ਬਾਕੀ ਬਚੇ ਬੰਦੀਆਂ ਨੂੰ ਰਿਹਾਅ ਨਹੀਂ ਕਰਦਾ ਹੈ ਤਾਂ 'ਹਾਲਾਤ ਵਿਗੜ ਜਾਣਗੇ'। ਓਵਲ ਦਫਤਰ ਵਿਚ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਮਾਸ ਨੂੰ ਪਤਾ ਲੱਗ ਜਾਵੇਗਾ ਕਿ ਮੇਰਾ ਕੀ ਮਤਲਬ ਹੈ। ਜ਼ਿਕਰਯੋਗ ਹੈ ਕਿ 7 ਅਕਤੂਬਰ, 2023 ਨੂੰ ਹਮਾਸ ਦੇ ਅਤਿਵਾਦੀਆਂ ਵੱਲੋਂ ਬੰਦੀ ਬਣਾਏ ਗਏ 251 ਵਿਅਕਤੀਆਂ ਵਿੱਚੋਂ 73 ਅਜੇ ਵੀ ਉਨ੍ਹਾਂ ਦੀ ਹਿਰਾਸਤ ਵਿੱਚ ਹਨ, ਇਜ਼ਰਾਈਲ ਨੇ ਇਨ੍ਹਾਂ 'ਚੋਂ 34 ਨੂੰ ਮ੍ਰਿਤਕ ਐਲਾਨ ਦਿੱਤਾ ਹੈ ਅਤੇ ਬਾਕੀਆਂ ਨੂੰ ਇਜ਼ਰਾਈਲੀ ਹਿਰਾਸਤ ਵਿੱਚ ਫਲਸਤੀਨੀ ਕੈਦੀਆਂ ਦੇ ਬਦਲੇ ਵਿੱਚ ਛੇ ਹਫ਼ਤਿਆਂ ਦੀ ਜੰਗਬੰਦੀ ਦੇ ਹਿੱਸੇ ਵਜੋਂ ਰਿਹਾਅ ਕੀਤਾ ਗਿਆ ਹੈ।

ਇਨ੍ਹਾਂ ਬੰਦੀਆਂ ਵਿੱਚੋਂ ਆਖਰੀ ਸਮੂਹ ਨੂੰ ਹਮਾਸ ਨੇ ਪਿਛਲੇ ਸ਼ਨਿੱਚਰਵਾਰ ਨੂੰ 183 ਫਲਸਤੀਨੀ ਕੈਦੀਆਂ ਦੇ ਬਦਲੇ ਰਿਹਾਅ ਕੀਤਾ ਸੀ। ਰਿਹਾਅ ਕੀਤੇ ਗਏ ਬੰਧਕਾਂ ਦੀ ਸਥਿਤੀ ਨੂੰ ਇਜ਼ਰਾਈਲ ਵੱਲੋਂ "ਹੈਰਾਨੀਜਨਕ"ਦੱਸਿਆ। ਰਾਸ਼ਟਰਪਤੀ ਟਰੰਪ ਨੇ ਨਿਊਜ਼ ਬ੍ਰੀਫਿੰਗ ਵਿੱਚ ਕਿਹਾ ਕਿ ਬੰਧਕਾਂ ਨੂੰ ਅਜਿਹਾ ਲੱਗ ਰਿਹਾ ਸੀ ਜਿਵੇਂ ਉਹ ਨਰਕ ਤੋਂ ਬਾਹਰ ਆ ਗਏ ਹੋਣ। ਟਰੰਪ ਨੇ ਫਿਰ ਸ਼ਨਿੱਚਰਵਾਰ ਦੀ ਸਮਾਂ ਸੀਮਾ ਜਾਰੀ ਕੀਤੀ ਅਤੇ ਕਿਹਾ, "ਮੈਂ ਆਪਣੇ ਲਈ ਬੋਲ ਰਿਹਾ ਹਾਂ। ਇਜ਼ਰਾਈਲ ਇਸ ਨੂੰ ਓਵਰਰਾਈਡ ਕਰ ਸਕਦਾ ਹੈ, ਪਰ ਸਨਿੱਚਰਵਾਰ ਤੱਕ ਉਨ੍ਹਾਂ ਨੂੰ ਆ ਜਾਣਾ ਚਾਹੀਦਾ ਹੈ ਨਹੀਂ ਤਾਂ ਹਲਾਤ ਵਿਗੜ ਜਾਣਗੇ।"




# ਪੰਜਾਬੀ ਕਬਾੜੀਏ ਦੇ ਗੁਦਾਮ 'ਚੋਂ 15 ਕਰੋੜ ਦੇ ਚੋਰੀ ਦੇ ਵਾਹਨ ਬਰਾਮਦ



ਵੈਨਕੂਵਰ, 11 ਫਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਓਂਟਾਰੀਓ ਸੂਬਾਈ ਪੁਲੀਸ (ਓਪੀਪੀ) ਨੇ ਚੈਟਸਵਰਥ ਕਸਬੇ ਦੇ ਬਾਹਰਵਾਰ ਕਬਾੜੀਏ ਦੇ ਗੁਦਾਮ 'ਤੇ ਛਾਪਾ ਮਾਰ ਕੇ ਉੱਥੋਂ 26 ਲੱਖ ਡਾਲਰ (ਕਰੀਬ 15 ਕਰੋੜ ਰੁਪਏ) ਕੀਮਤ ਦੇ ਚੋਰੀ ਕੀਤੇ ਵਾਹਨ ਬਰਾਮਦ ਕੀਤੇ ਹਨ। ਇਨ੍ਹਾਂ ਵਾਹਨਾਂ ਦੀ ਭੰਨ-ਤੋੜਕਰਕੇ ਪੁਰਜ਼ੇ ਤੇ ਹੋਰ ਸਾਮਾਨ ਵੇਚਿਆ ਜਾਣਾ ਸੀ। ਗੁਦਾਮ ਮਾਲਕ ਤੇ ਗਰੇਂਡ ਵੈਲੀ ਦੇ ਰਹਿਣ ਵਾਲੇ ਅਮਰਦੀਪ ਭੱਟੀ (41) ਉੱਤੇ ਚੋਰੀ ਅਤੇ ਵਾਹਨਾਂ ਦੇ ਨੰਬਰ ਮਿਟਾਉਣ ਸਮੇਤ ਭੰਨਤੋੜ ਕਰਨ ਦੇ 8 ਅਪਰਾਧਿਕ ਦੋਸ਼ ਆਇਦ ਕੀਤੇ ਗਏ ਹਨ। ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਜ਼ਮਾਨਤ ਦਿੰਦੇ ਹੋਏ 27 ਫਰਵਰੀ ਨੂੰ ਓਵੇਨ ਸੌਂਡ ਦੀ ਅਦਾਲਤ ਵਿੱਚ ਪੇਸ਼ ਹੋਣ ਦੀ ਸ਼ਰਤ 'ਤੇ ਰਿਹਾਅ ਕਰ ਦਿੱਤਾ ਗਿਆ। ਕਈ ਏਕੜਾਂ ਵਿੱਚ ਫੈਲੇ ਅਮਰਦੀਪ ਭੱਟੀ ਦੇ ਗੁਦਾਮ ਦੀ ਤਲਾਸ਼ੀ ਦੌਰਾਨ ਉਥੋਂ ਪੁਲਿਸ ਨੇ 4 ਟਰੱਕ ਤੇ ਟਰਾਲਿਆਂ ਸਮੇਤ 63 ਨਿੱਕੇ ਵੱਡੇ ਟਰਾਲੇ ਅਤੇ 10 ਵਪਾਰਕ ਯਾਤਰੀ ਵਾਹਨ ਬਰਾਮਦ ਕੀਤੇ ਹਨ। ਇਨ੍ਹਾਂ 'ਚੋਂ ਕਈਆਂ ਦੀ ਪਛਾਣ ਲੁਕਾਉਣ ਲਈ ਵਿੰਨ ਨੰਬਰ ਵਿਗਾੜੇ ਹੋਏ ਸਨ ਤੇ ਕਈਆਂ ਦੀ ਭੰਨਤੋੜ ਕਰਕੇ ਪੁਰਜ਼ੇ ਕੱਢੇ ਹੋਏ ਸਨ।

ਪੁਲਿਸ ਅਨੁਸਾਰ, ਉਸ ਨੂੰ ਸੂਚਨਾ ਮਿਲੀ ਕਿ ਚੈਟਸਵਰਥ ਕਸਬੇ ਦੀ ਸਾਈਡ ਰੋਡ ਨੰਬਰ 5 'ਤੇ ਸਥਿਤ ਗੁਦਾਮ ਵਿਚ ਚੋਰੀ ਕੀਤੇ ਵਾਹਨ ਲਿਆ ਕੇ ਉਨ੍ਹਾਂ ਦੀ ਪਛਾਣ ਖਤਮ ਕਰਕੇ ਜਾਂ ਤਾਂ ਸਸਤੇ ਭਾਅ ਵੇਚ ਦਿੱਤੇ ਜਾਂਦੇ ਹਨ ਜਾਂ ਭੰਨਤੋੜ ਕਰਕੇ ਪੁਰਜ਼ੇ ਵੇਚੇ ਜਾਂਦੇ ਹਨ ਤੇ ਇਹ ਸਿਲਸਿਲਾ ਕਾਫੀ ਦੇਰ ਤੋਂ ਜਾਰੀ ਸੀ। ਓਂਟਾਰੀਓ ਪੁਲਿਸ ਦੀ ਗਰੇ ਬਰੂਸ ਕਸਬੇ ਦੇ ਦਸਤੇ ਨੇ ਅਦਾਲਤ ਤੋਂ ਤਲਾਸ਼ੀ ਵਰੰਟ ਲੈ ਕੇ ਛਾਪਾ ਮਾਰਿਆ ਤਾਂ ਉੱਥੋਂ ਵੱਡੀ ਗਿਣਤੀ ਵਿੱਚ ਚੋਰੀ ਕੀਤੇ ਵਾਹਨ ਬਰਾਮਦ ਹੋਏ। ਵਾਹਨਾਂ ਦੀ ਕੀਮਤ 26 ਲੱਖ ਡਾਲਰ ਤੋਂ ਵੱਧ ਦੱਸੀ ਜਾਂਦੀ ਹੈ। ਇਨ੍ਹਾਂ 'ਚੋਂ ਕਈਆਂ ਦੇ ਉਖਾੜੇ ਹੋਏ ਪੁਰਜ਼ੇ ਕਬਾੜ ਮਾਰਕੀਟ ਵਿੱਚ ਭੇਜਣ ਦੀ ਤਿਆਰੀ ਸੀ। ਭੱਟੀ ਵਿਰੁੱਧ ਵੱਖ ਵੱਖ 8 ਅਪਰਾਧਾਂ ਹੇਠ ਕੇਸ ਦਰਜ ਕੀਤਾ ਗਿਆ ਹੈ। ਹਾਲਾਂਕਿ ਕੈਨੇਡਾ ਦੇ ਨਰਮ ਜ਼ਮਾਨਤੀ ਨਿਯਮਾਂ ਤਹਿਤ ਉਸ ਨੂੰ 27 ਫਰਵਰੀ ਨੂੰ ਜੱਜ ਮੂਹਰੇ ਆਤਮ ਸਮਰਪਣ ਕਰਨ ਦੀ ਸ਼ਰਤ 'ਤੇ ਜ਼ਮਾਨਤ ਦੇ ਦਿੱਤੀ ਗਈ।



# ਗੁੰਮ ਪੰਜਾਬਣ ਦੀ ਭਾਲ ਲਈ ਗੰਭੀਰ ਹੋਈ ਕੈਨੇਡਾ ਪੁਲਿਸ



ਵੈਨਕੂਵਰ 11 ਫਰਵਰੀ .(ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਪੀਲ ਪੁਲਿਸ ਦੋ ਮਹੀਨੇ ਪਹਿਲਾਂ ਗੁੰਮ ਹੋਈ 21 ਸਾਲਾ ਪੰਜਾਬਣ ਦੀ ਭਾਲ ਪ੍ਰਤੀ ਗੰਭੀਰ ਹੋ ਕੇ ਜੁੱਟ ਗਈ ਹੈ ਤੇ ਆਮ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਪੁਲਿਸ ਅਨੁਸਾਰ ਮਧਰੇ ਕੱਦ (4-11) ਵਾਲੀ ਹਰਸਿਮਰਨਜੀਤ ਨੂੰ ਆਖਰੀ ਵਾਰ ਦਸੰਬਰ ਦੇ ਪਹਿਲੇ ਹਫ਼ਤੇ ਬਰੈਂਪਟਨ ਦੇ ਮੌਫਟ ਐਵੇਨਿਊ ਅਤੇ ਹਡਸਨ ਡਰਾਈਵ ਨੇੜਲੇ ਬੱਸ ਸਟਾਪ 'ਤੇ ਦੇਖਿਆ ਗਿਆ ਸੀ। ਉਸ ਤੋਂ ਬਾਅਦ ਉਸ ਦਾ ਕੋਈ ਅਤਾ ਪਤਾ ਨਹੀਂ ਲੱਗਾ। ਪੁਲਿਸ ਵੱਲੋਂ ਘਟਨਾ ਸਥਾਨ ਦੁਆਲੇ ਲੱਗੇ ਸੀ.ਸੀ.ਟੀ.ਵੀ ਕੈਮਰਿਆਂ ਦੀ ਰਿਕਾਰਡਿੰਗ ਘੋਖੀ ਜਾਣ ਲੱਗੀ ਹੈ। ਪੁਲਿਸ ਨੇ ਕੁੜੀ ਦੇ ਮੌਕੇ ਦਾ ਪਹਿਰਾਵਾ ਤੇ ਹੁਲੀਆ ਵੀ ਲੋਕਾਂ ਨਾਲ ਸਾਂਝਾ ਕੀਤਾ ਹੈ ਤਾਂ ਜੋ ਠੋਸ ਸੁਰਾਗ ਮਿਲ ਸਕੇ। ਪੁਲਿਸ ਦਾ ਕਹਿਣਾ ਹੈ ਕਿ ਕੁੜੀ ਦੇ ਮਾਪੇ ਬੜੇ ਪ੍ਰੇਸ਼ਾਨ ਹਨ।

# FITT JEE ਮਾਮਲੇ ਵਿੱਚ ਐਕਸ਼ਨ ਹੋਇਆ ਤੇਜ਼



ਦਿੱਲੀ, 11 ਫਰਵਰੀ, (ਜਸਵਿੰਦਰ ਸਿੰਘ ਬਿੱਟਾ)- ਫੀਸ ਲੈਣ ਦੇ ਬਾਅਦ ਸੈਂਟਰ ਬੰਦ ਕਰਕੇ ਬੱਚਿਆਂ ਦੀ ਪੜਾਈ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ ਹੀ ਮਾਪਿਆਂ ਦੇ ਨਾਲ ਧੋਖਾਧੜੀ ਮਾਮਲੇ 'ਚ FITT JEE ਤੇ ਸਿਕੰਜਾ ਕੱਸਿਆ ਜਾ ਰਿਹਾ ਹੈ। ਇਸ ਮਾਮਲੇ ਵਿੱਚ ਸੈਕਟਰ-58 ਪੁਲਿਸ ਦੇ ਬਾਅਦ ਨਾੱਲੇਜ ਪਾਰਕ ਪੁਲਿਸ ਨੇ ਕੋਚਿੰਗ ਸੈਂਟਰ ਦੇ 12 ਅਕਾਊਂਟ ਬੰਦ ਕਰਾ ਦਿੱਤੇ ਹਨ। ਇਹਨਾਂ ਵਿੱਚ 11 ਕਰੋੜ 11 ਲੱਖ ਰੁਪਏ ਹਨ. ਇਸ ਵਾਰ ਕੋਚਿੰਗ ਸੈਂਟਰ ਦੇ 172 ਖਾਤਿਆਂ ਦੀ ਜਾਣਕਾਰੀ ਮਿਲੀ ਹੈ। ਪੁਲਿਸ ਦਾ ਦਾਅਵਾ ਹੈ ਕਿ ਇਹ ਪਹਿਲੀ ਮਿਲੇ 382 ਬੈਂਕ ਖਾਤੇ ਤੋਂ ਵੱਖ ਹਨ ।

ਇਸ ਆਧਾਰ 'ਤੇ ਕੋਚਿੰਗ ਸੈਂਟਰ ਦੇ ਖਾਤਿਆਂ ਦੀ ਗਿਣਤੀ 500 ਤੋਂ ਵੱਧ ਹੋ ਗਈ ਹੈ। ਏ.ਡੀ.ਸੀ.ਪੀ ਗ੍ਰੇਨੋ ਅਸ਼ੋਕ ਕੁਮਾਰ ਨੇ ਦੱਸਿਆ ਕਿ ਕੋਚਿੰਗ ਸੈਂਟਰ ਬੰਦ ਹੋਣ ਦੇ ਬਾਅਦ ਕੀਤੀ ਗਈ ਜਾਂਚ ਵਿੱਚ ਇਹ ਅਕਾਊਂਟ ਸਾਹਮਣੇ ਆਏ ਹਨ।

# BSNL ਨੈੱਟਵਰਕ ਸਮਰੱਥਾ ਵਿੱਚ ਸੁਧਾਰ ਕਰੇਗਾ

ਨਵੀ ਦਿੱਲੀ, 11 ਫਰਵਰੀ, (ਜਸਵਿੰਦਰ ਸਿੰਘ ਬਿੱਟਾ)- ਕੇਂਦਰ ਸਰਕਾਰ ਨੇ ਸਰਕਾਰੀ ਖੇਤਰ ਦੀ ਦੂਰਸੰਚਾਰ ਕੰਪਨੀ ਬੀ.ਐਸ.ਐਨ.ਐਲ ਦੀਆਂ ਨੈੱਟਵਰਕ ਸਬੰਧਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ 6,000 ਕਰੋੜ ਰੁਪਏ ਦੇ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ ਹੈ। MTNL ਅਤੇ BSNL ਵਿਚਕਾਰ 47 ਨੈੱਟਵਰਕ ਸੇਵਾ ਦੇ ਵਿਸਤਾਰ ਲਈ 10 ਸਾਲ ਦਾ ਸਮਝੌਤਾ ਹੋਇਆ ਹੈ, ਜਿਸ ਦੇ ਤਹਿਤ ਦੋਵੇਂ ਕੰਪਨੀਆਂ ਬਿਹਤਰ ਨੈੱਟਵਰਕ ਸੇਵਾ ਪ੍ਰਦਾਨ ਕਰਨ ਲਈ ਕੰਮ ਕਰਨਗੀਆਂ। ਪੈਕੇਜ ਦਾ ਲਾਭ ਦੋਵਾਂ ਕੰਪਨੀਆਂ ਤੱਕ ਪਹੁੰਚਣ ਦੀ ਉਮੀਦ ਹੈ। ਸਾਲਾਂ ਦੌਰਾਨ, ਨਿੱਜੀ ਖੇਤਰ ਦੀਆਂ ਦੂਰਸੰਚਾਰ ਕੰਪਨੀਆਂ ਨੇ ਆਪਣੇ ਨੈਟਵਰਕ ਅਤੇ ਹੋਰ ਸੇਵਾਵਾਂ ਵਿੱਚ ਸੁਧਾਰ ਕੀਤਾ ਹੈ। ਇਸ ਦੇ ਨਾਲ ਹੀ ਜਨਤਕ ਖੇਤਰ ਦੀਆਂ ਕੰਪਨੀਆਂ ਬੀ.ਐਸ.ਐਨ.ਐਲ ਅਤੇ ਐਮ.ਟੀ.ਐਨ.ਐਲ ਦੀਆਂ ਸੇਵਾਵਾਂ ਵਿੱਚ ਗਿਰਾਵਟ ਜਾਰੀ ਰਹੀ, ਜਿਸ ਕਾਰਨ ਗਾਹਕਾਂ ਦੀ ਗਿਣਤੀ ਵਿੱਚ ਵੀ ਭਾਰੀ ਕਮੀ ਆਈ। ਪ੍ਰਾਈਵੇਟ ਸੈਕਟਰ ਦੀਆਂ ਲਗਭਗ ਸਾਰੀਆਂ ਕੰਪਨੀਆਂ 5ਜੀ ਸੇਵਾ ਪ੍ਰਦਾਨ ਕਰ ਰਹੀਆਂ ਹਨ ਪਰ ਬੀ.ਐਸ.ਐਨ.ਐਲ 4ਜੀ ਸੇਵਾ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰ ਸਕੀ ਹੈ।

















NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING TROLLEYS
100 Kennedy Rd S,
Brampton, ON L6W 3E7, Canada
905-230-4800



NEW YEAR WISHES 2025
BRAMPTON CASH & CARRY
Importer | Wholesaler | Retailer
FESTIVITY AND OCCASION
PUNJABI VIRSA DECOR
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING BASKETS
100 Kennedy Rd S,
Brampton, ON L6W 3E7, Canada
905-230-4800


JD WEB SERVICES
OUR SERVICES
GRAPHIC DESIGN
UI/UX DESIGN
WEB DESIGN
ANDROID APPS
WEB DEVELOPMENT
SOCIAL MEDIA PROMOTION
JASWINDER SINGH BITTA
+1 (647) 967-6630
JASHANDEEP SINGH
90416-19321
www.jdwebservices.com
OUR PRODUCTS
INVOICE
INVOICE MANAGEMENT SOFTWARE
VIEW DEMO
ADVOC8
ADVOCATE'S DAILY DIARY
MANAGEMENT SOFTWARE
VIEW DEMO
CAREER ENGINE
OUR COURSES
GRAPHIC & MOTION DESIGN
FULL STACK DEVELOPMENT
FLUTTER APP DEVELOPMENT
7 MONTHS
$100/- USD
www.careerengine.in


Weight
10 Pond
Price
$5.99
BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

# ਕਿਤਾਬ ਚੁੱਕੋ -ਨਵੀਂ ਪੀੜ੍ਹੀ ਤੇ ਛਾ ਰਿਹਾ ਹੈ ਪੜ੍ਹਨ ਦਾ ਜਾਦੂ



ਨਵੀ ਦਿੱਲੀ, 11 ਫਰਵਰੀ, (ਜਸਵਿੰਦਰ ਸਿੰਘ ਬਿੱਟਾ)- ਵਿਸ਼ਵ ਪੁਸਤਕ ਮੇਲੇ ਵਿੱਚ ਪਿਛਲੇ ਸਾਲ ਦੀ ਤੁਲਨਾ ਵਿੱਚ ਇਸ ਸਾਲ ਸਾਰੀਆਂ ਭਾਸ਼ਾਵਾਂ ਦੀਆਂ ਪੁਸਤਕਾਂ ਦੀ ਵਿਕਰੀ ਦੇ ਗ੍ਰਾਫ ਵਿੱਚ ਪਿਛਲੀ ਵਾਰ ਨਾਲੋਂ 2 ਤੋਂ 3 ਗੁਣਾ ਦਾ ਵਾਧਾ ਦਰਜ ਕੀਤਾ ਗਿਆ ਹੈ। ਪ੍ਰਕਾਸ਼ਕਾਂ ਦਾ ਮੰਨਣਾ ਹੈ ਕਿ ਪੁਸਤਕ ਮੇਲਿਆਂ ਵਿੱਚ ਪੁਸਤਕਾਂ ਦੀ ਵਿਕਰੀ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ। ਅਜਿਹੇ ਸਮਾਗਮ ਪੁਸਤਕ ਪ੍ਰੇਮੀਆਂ ਦੀਆਂ ਤਰਜੀਹਾਂ ਦਾ ਪਤਾ ਲਗਾਉਣ ਵਿੱਚ ਸਹਾਈ ਹੁੰਦੇ ਹਨ। ਪ੍ਰਕਾਸ਼ਕਾਂ ਨੇ ਇਸ ਸਾਲ ਕਿਤਾਬਾਂ ਦੀ ਵਿਕਰੀ ਵਿੱਚ ਵਾਧੇ ਨੂੰ ਕੋਰੋਨਾ ਪੀਰੀਅਡ ਤੋਂ ਰਿਕਵਰੀ ਦੇ ਸੰਕੇਤ ਵਜੋਂ ਦੇਖਿਆ। ਇਹੀ ਕਾਰਨ ਸੀ ਕਿ ਇਸ ਸਾਲ ਮੇਲੇ ਵਿੱਚ ਕਰੀਬ 20 ਲੱਖ ਲੋਕ ਆਏ ਸਨ।

ਨੌਜਵਾਨਲ ਲੇਖਕਾ ਨੂੰ ਪਬਲਿਸ਼ਰ ਹੌਸਲਾ ਦੇ ਰਹੇ ਹਨ। ਪੁਰਾਣੀਆਂ ਅਤੇ ਚਰਚਿਤ ਕਿਤਾਬਾਂ ਦੇ ਨਾਲ-ਨਾਲ ਨਵੇਂ ਲੇਖਕਾਂ ਦੀਆਂ ਕਿਤਾਬਾਂ ਵੀ ਇਸ ਵਾਰ ਜਿਆਦਾ ਗਿਣਤੀ ਵਿੱਚ ਵੇਚੀਆਂ ਗਈਆਂ ਹਨ. । ਖਾਸ ਤੌਰ ਤੇ ਆਤਮਕਥਾਵਾਂ ਅਤੇ ਸਫਰਨਾਮੇ ਦੇ ਵੱਲ ਨੌਜਵਾਨ ਆਕਰਸ਼ਿਤ ਰਹੇ। ਇਸ ਵਾਰ ਮੇਲੇ ਵਿੱਚ ਨੌਜਵਾਨ ਰੀਡਰਸਜ ਦੀ ਵਧੀ ਗਿਣਤੀ ਨਾਲ ਚੰਗੇ ਸੰਕੇਤ ਮਿਲੇ ਹਨ।

ਬੁੱਕ ਲਵਰਸ ਵਿੱਚ ਜਾਗਰੂਕਤਾ ਵਧ ਰਹੀ ਹੈ। ਮੇਲੇ ਵਿੱਚ ਨੌਜਵਾਨਾ ਦੇ ਕਿਤਾਬਾਂ ਪੜ੍ਹਨ ਦੀ ਉਤਸੁਕਤਾ ਹੁਣ ਪਹਿਲਾ ਨਾਲੋਂ ਜਿਆਦਾ ਦੇਖੀ ਗਈ।

> *ਇਸ ਵਾਰ ਕਿਤਾਬਾਂ ਖਰੀਦਣ ਵਾਲਿਆਂ ਦੀ ਗਿਣਤੀ ਕਾਫੀ ਰਹੀ। ਇਹਨਾਂ ਵਿੱਚ 70ਤੋਂ 80 ਫੀਸਦੀ ਨੌਜਵਾਨ ਸਨ। ਸਾਡੇ ਸਟੌਲ ਤੋਂ ਹਰ ਰੋਜ 20 ਤੋਂ 25 ਲੱਖ ਰੁਪਏ ਦੀਆਂ ਕਿਤਾਬਾਂ ਵੇਚੀਆਂ ਗਈਆ। ਫਿਕਸ਼ਨ-ਨੌਨਫਿਕਸ਼ਨ ਸਮੇਤ ਕਿਤਾਬਾਂ ਦੀ ਮੰਗ ਜਿਆਦਾ ਰਹੀ। ਪੜ੍ਹਨ ਵਾਲਿਆ ਦੀ ਗਿਣਤੀ 70 ਪ੍ਰਤੀਸ਼ਤ ਤੱਕ ਵਧੀ।*
> ***(ਗੌਰਵ ਸੀ.ਈ.ਓ ਪੇਗੁਇਨ ਇੰਡੀਆ)***

# ਬੀਜੇਪੀ ਦਾ ਜਿੱਤ ਦੇ ਬਾਅਦ ਦਿੱਲੀ ਸਰਕਾਰ ਵਿੱਚ CM + TEAM ਦੇ ਲਈ ਮੰਥਨ ਜਾਰੀ




ਦਿੱਲੀ, 11 ਫਰਵਰੀ, (ਜਸਵਿੰਦਰ ਸਿੰਘ ਬਿੱਟਾ)- 27 ਸਾਲ ਬਾਅਦ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਦਿੱਲੀ 'ਚ ਸਰਕਾਰ ਬਣਾਉਣ ਨੂੰ ਲੈ ਕੇ ਭਾਜਪਾ 'ਚ ਚਰਚਾ ਚੱਲ ਰਹੀ ਹੈ। ਹਾਲਾਂਕਿ ਇਹ ਲਗਭਗ ਤੈਅ ਹੈ ਕਿ ਪ੍ਰਧਾਨ ਮੰਤਰੀ ਦੇ ਦਿੱਲੀ ਪਰਤਣ ਤੋਂ ਬਾਅਦ ਹੀ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀਆਂ ਦੇ ਨਾਵਾਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਫਿਲਹਾਲ ਪਾਰਟੀ ਆਗੂਆਂ ਦਾ ਇਹ ਵੀ ਮੰਨਣਾ ਹੈ ਕਿ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਹੀ ਤੈਅ ਕਰੇਗੀ ਕਿ ਸਰਕਾਰ ਵਿੱਚ ਕੌਣ ਕੀ ਭੂਮਿਕਾ ਨਿਭਾਵੇਗਾ। ਹਾਲ ਹੀ ਦੇ ਸਾਲਾਂ ਵਿਚ ਪਾਰਟੀ ਲੀਡਰਸ਼ਿਪ ਨੇ ਅਜਿਹੇ ਮਾਮਲਿਆਂ ਵਿਚ ਹੈਰਾਨ ਕਰਨ ਵਾਲੇ ਫੈਸਲੇ ਲਏ ਹਨ, ਜਿਸ ਕਾਰਨ ਪਾਰਟੀ ਦੇ ਸੀਨੀਅਰ ਆਗੂ ਵੀ ਇਹ ਦੱਸਣ ਦੀ ਸਥਿਤੀ ਵਿਚ ਨਹੀਂ ਹਨ ਕਿ ਦਸ ਅਹਿਮ ਅਹੁਦਿਆਂ ਲਈ ਕਿਸ ਦਾ ਨਾਂ ਫਾਈਨਲ ਕੀਤਾ ਜਾਵੇਗਾ।

ਪਾਰਟੀ ਸੂਤਰਾਂ ਅਨੁਸਾਰ ਵੱਖ-ਵੱਖ ਪੱਧਰਾਂ 'ਤੇ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਾਤੀ ਸਮੀਕਰਨਾਂ ਦੇ ਨਾਲ-ਨਾਲ ਸਮਾਜਿਕ ਅਤੇ ਭੂਗੋਲਿਕ ਆਧਾਰ 'ਤੇ ਸੰਭਾਵੀ ਲੋਕਾਂ ਦੇ ਨਾਵਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਪਾਰਟੀ ਦੇ ਇਕ ਸੀਨੀਅਰ ਆਗੂ ਮੁਤਾਬਕ ਕੁਝ ਨਾਵਾਂ 'ਤੇ ਚਰਚਾ ਚੱਲ ਰਹੀ ਹੈ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਵਿਧਾਇਕਾਂ ਨੂੰ ਮੰਤਰੀ ਮੰਡਲ ਦੀ ਜ਼ਿੰਮੇਵਾਰੀ ਦਿੱਤੀ ਜਾਵੇਗੀ ਜਾਂ ਨਹੀਂ। ਇਸ ਵਾਰ ਭਾਜਪਾ ਦੇ 48 ਵਿਧਾਇਕ ਜਿੱਤ ਕੇ ਵਿਧਾਨ ਸਭਾ ਪਹੁੰਚੇ ਹਨ। ਇਨ੍ਹਾਂ ਵਿੱਚੋਂ ਕਈ ਪਹਿਲੀ ਵਾਰ ਚੁਣੇ ਗਏ ਹਨ ਅਤੇ ਕੁਝ ਦੂਜੀਆਂ ਪਾਰਟੀਆਂ ਵਿੱਚੋਂ ਆਏ ਹਨ। ਹਾਲਾਂਕਿ ਪਾਰਟੀ ਆਗੂਆਂ ਨੂੰ ਭਰੋਸਾ ਹੈ ਕਿ ਮੁੱਖ ਮੰਤਰੀ ਮੌਜੂਦਾ ਵਿਧਾਇਕਾਂ ਵਿੱਚੋਂ ਹੀ ਚੁਣਿਆ ਜਾਵੇਗਾ। ਇਸ ਦਾ ਕਾਰਨ ਇਹ ਹੈ ਕਿ ਜੇਕਰ ਕਿਸੇ ਵੀ ਸੰਸਦ ਮੈਂਬਰ ਨੂੰ ਮੁੱਖ ਮੰਤਰੀ ਬਣਾਇਆ ਜਾਂਦਾ ਹੈ ਤਾਂ ਦਿੱਲੀ ਵਿੱਚ ਦੋ ਉਪ ਚੋਣਾਂ ਹੋਣੀਆਂ ਹਨ। ਕਿਸੇ ਵਿਅਕਤੀ ਨੂੰ ਮੁੱਖ ਮੰਤਰੀ ਬਣਨ ਲਈ ਵਿਧਾਇਕ ਨੂੰ ਅਸਤੀਫਾ ਦੇਣਾ ਪਵੇਗਾ ਅਤੇ ਫਿਰ ਮੁੱਖ ਮੰਤਰੀ ਬਣਾਏ ਜਾਣ ਵਾਲੇ ਸੰਸਦ ਮੈਂਬਰ ਦੀ ਥਾਂ ਲੋਕ ਸਭਾ ਮੈਂਬਰ ਚੁਣਨ ਲਈ ਉਪ ਚੋਣ ਕਰਵਾਉਣੀ ਪਵੇਗੀ। ਇਹੀ ਕਾਰਨ ਹੈ ਕਿ ਸ਼ਾਇਦ ਪਾਰਟੀ ਲੀਡਰਸ਼ਿਪ ਨੂੰ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਮੌਜੂਦਾ ਵਿਧਾਇਕਾਂ ਵਿੱਚੋਂ ਕਿਸੇ ਇੱਕ ਨੂੰ ਸੌਂਪਣੀ ਚਾਹੀਦੀ ਹੈ।

## ਕਿਹੜੇ ਹਨ ਅਹਿਮ ਅਹੁਦੇ ?

ਮੁੱਖ ਮੰਤਰੀ ਤੋਂ ਇਲਾਵਾ ਦਿੱਲੀ ਵਿੱਚ ਵੱਧ ਤੋਂ ਵੱਧ ਛੇ ਮੰਤਰੀ ਬਣਾਏ ਜਾ ਸਕਦੇ ਹਨ। ਇਸ ਤੋਂ ਇਲਾਵਾ ਸਪੀਕਰ ਅਤੇ ਡਿਪਟੀ ਸਪੀਕਰ ਦੇ ਦੋ ਅਹੁਦੇ ਹਨ, ਜਦੋਂ ਕਿ ਇਕ ਅਹੁਦਾ ਮੁੱਖ ਸਚੇਤਕ ਦਾ ਹੁੰਦਾ ਹੈ। ਹਾਲਾਂਕਿ ਹੋਰਨਾਂ ਅਹੁਦਿਆਂ ਦੇ ਮੁਕਾਬਲੇ ਮੁੱਖ ਸੁਚੇਤਕ ਦਾ ਅਹੁਦਾ ਮੰਤਰੀ ਵਰਗਾ ਨਹੀਂ ਹੁੰਦਾ, ਪਰ ਵਿਧਾਨ ਸਭਾ ਵਿੱਚ ਉਸ ਦੀ ਭੂਮਿਕਾ ਅਹਿਮ ਹੁੰਦੀ ਹੈ। ਪਾਰਟੀ ਵਿੱਚ ਇਹ ਵੀ ਵਿਚਾਰ ਕੀਤਾ ਜਾ ਰਿਹਾ ਹੈ ਕਿ ਜੇਕਰ ਪਾਰਟੀ ਲੀਡਰਸ਼ਿਪ ਕਿਸੇ ਮਹਿਲਾ ਨੂੰ ਮੁੱਖ ਮੰਤਰੀ ਦਾ ਅਹੁਦਾ ਦੇਣਾ ਚਾਹੁੰਦੀ ਹੈ ਤਾਂ ਕਿਸ ਦੇ ਨਾਂ ਹੋ ਸਕਦੇ ਹਨ ? ਪਰ ਅਜਿਹਾ ਨਾ ਹੋਣ 'ਤੇ ਵੀ ਪਾਰਟੀ ਸ਼ਾਇਦ ਮੰਤਰੀ ਦਾ ਅਹੁਦਾ ਜਾਂ ਬਾਕੀ ਨੌਂ ਅਹੁਦਿਆਂ 'ਚੋਂ ਕੋਈ ਵੀ ਔਰਤ ਨੂੰ ਦੇਣਾ ਚਾਹੇਗੀ। ਆਮ ਤੌਰ 'ਤੇ ਇਹ ਰਵਾਇਤ ਹੈ ਕਿ ਜਦੋਂ ਇਨ੍ਹਾਂ ਦਸ ਅਹਿਮ ਅਹੁਦਿਆਂ ਲਈ ਵਿਧਾਇਕਾਂ ਦੀ ਚੋਣ ਕੀਤੀ ਜਾਂਦੀ ਹੈ ਤਾਂ ਦੇਖਿਆ ਜਾਂਦਾ ਹੈ ਕਿ ਦਿੱਲੀ ਦੇ ਜ਼ਿਆਦਾਤਰ ਭਾਈਚਾਰਿਆਂ ਅਤੇ ਵੱਖ-ਵੱਖ ਖੇਤਰਾਂ ਨੂੰ ਨੁਮਾਇੰਦਗੀ ਮਿਲਦੀ ਹੈ।








# ਸਾਹਿਤਕ ਸਰਗਰਮੀਆਂ

**ਕਹਾਣੀ**

## ਰੱਬ ਇੱਕ ਗੁੰਝਲਦਾਰ ਬੁਝਾਰਤ ?

ਪ੍ਰੋਫੈਸਰ ਮੋਹਨ ਸਿੰਘ ਦੀ ਇਸ ਸਿਰਲੇਖ ਵਾਲੀ ਪ੍ਰਸਿੱਧ ਕਵਿਤਾ, ਰੱਬ ਨੂੰ ਸਮਝਣ ਅਤੇ ਮਿਲਣ ਦੇ ਔਖੇ ਪਰ ਅਸਫਲ ਢੰਗਾਂ ਦਾ ਸੰਖੇਪ ਵਰਣਨ ਕਰਦੀ ਹੈ। ਨੱਬੇ ਸਾਲ ਪਹਿਲਾਂ ਛਪੀ ਇਹ ਰਚਨਾ ਅੱਜ ਵੀ ਪੰਜਾਬੀ ਦੀਆਂ ਹਰਮਨ ਭਾਉਂਦੀਆਂ ਕਵਿਤਾਵਾਂ 'ਚ ਗਿਣੀ ਜਾਂਦੀ ਹੈ ਅਤੇ ਇਸ ਦੀਆਂ ਪਹਿਲੀਆਂ ਤੁਕਾਂ ਹਨ:

*ਰੱਬ ਇੱਕ ਗੁੰਝਲਦਾਰ ਬੁਝਾਰਤ, ਰੱਬ ਇੱਕ ਗੋਰਖ-ਧੰਦਾ।*
*ਖੋਲ੍ਹਣ ਲੱਗਿਆਂ ਪੇਚ ਏਸ ਦੇ, ਕਾਫ਼ਰ ਹੋ ਜਾਏ ਬੰਦਾ।*



ਆਪਣੀ ਕਵਿਤਾ ਦਾ ਨਾਇਕ 'ਰੱਬ' ਨੂੰ ਬਣਾ ਕੇ ਪ੍ਰੋ. ਮੋਹਨ ਸਿੰਘ ਨੇ ਆਪਣੀ ਸੂਝ-ਬੂਝ ਦਾ ਸਬੂਤ ਦਿੱਤਾ ਹੈ ਕਿਉਂਕਿ ਉਸ ਦੇ ਅਣਗਿਣਤ ਨਾਵਾਂ 'ਚੋਂ ਇਹ ਹੀ ਇੱਕ ਐਸਾ ਨਾਉਂ ਹੈ ਜੋ ਅਜੇ ਤੱਕ ਕਿਸੇ ਧਰਮ ਜਾਂ ਸੰਪ੍ਰਦਾ ਵੱਲੋਂ 'ਪੇਟੈਂਟ' ਨਹੀਂ ਕਰਵਾਇਆ ਗਿਆ। ਇਸੇ ਕਰਕੇ ਪ੍ਰੰਪਰਾਗਤ ਧਰਮਾਂ ਦੇ ਕਥਿਤ ਰਾਖੇ ਇਸ ਨਾਉਂ ਨੂੰ ਬਹੁਤੀ ਮਹੱਤਤਾ ਨਹੀਂ ਦਿੰਦੇ ਅਤੇ ਇਸ ਲਈ ਮਰ-ਮਿਟਣ ਦੇ ਦਾਅਵੇ ਨਹੀਂ ਕਰਦੇ। ਚੰਗੀ ਗੱਲ ਇਹ ਹੈ ਕਿ ਅੱਜ ਵੀ ਇਹ ਨਾਉਂ ਸੰਪ੍ਰਦਾਇਕਤਾ ਤੋਂ ਨਿਰਲੇਪ ਇੱਕ ਗ਼ੈਰ-ਰਸਮੀ ਨਾਉਂ ਹੈ, ਜਿਸ ਨਾਲ ਅਸੀਂ ਕੁਝ ਖੁੱਲ੍ਹ-ਖੇਡਲੈ ਸਕਦੇ ਹਾਂ। ਇਸ ਨਾਉਂ ਰਾਹੀਂ ਅਸੀਂ ਉਸ ਨੂੰ ਕਿਸੇ ਖ਼ੁਸ਼ਾਮਦੀ ਵਿਸ਼ੇਸ਼ਣ ਵਰਤਣ ਤੋਂ ਬਗ਼ੈਰ, ਬੇਝਿਜਕ ਹੋ ਕੇ ਮੁਖ਼ਾਤਿਬ ਕਰ ਸਕਦੇ ਹਾਂ। ਇਸ ਨਾਉਂ ਨੂੰ ਕਿਸੇ ਵੀ ਭਾਵ ਨਾਲ ਵਰਤ ਸਕਦੇ ਹਾਂ, ਇੱਥੋਂ ਤੱਕ ਕਿ ਉਸ ਦੀ ਹੋਂਦ ਤੋਂ ਵੀ ਇਨਕਾਰੀ ਹੋ ਸਕਦੇ ਹਾਂ। ਇਸ ਰਾਹੀਂ ਅਸੀਂ ਉਸ ਨੂੰ ਪਿਆਰ ਕਰ ਸਕਦੇ ਹਾਂ, ਉਸ ਨਾਲ ਰੋਸਾ ਕਰ ਸਕਦੇ ਹਾਂ। ਉਸ ਨੂੰ ਚੰਗਾ ਕਹਿ ਸਕਦੇ ਹਾਂ, ਉਸ ਨੂੰ ਨਾ-ਚੰਗਾਕਹਿ ਸਕਦੇ ਹਾਂ। ਉਸ ਤੋਂ ਕੁਝ ਮੰਗ ਸਕਦੇ ਹਾਂ ਅਤੇ ਨਾ ਦਿੱਤੇ ਜਾਣ 'ਤੇ ਉਸ ਨੂੰ ਉਲਾਂਭੇ ਦੇ ਸਕਦੇ ਹਾਂ ਤੇ ਵੱਧ-ਘੱਟ ਵੀ ਬੋਲ ਸਕਦੇ ਹਾਂ। ਉਸ ਨੂੰ ਇਸ ਸੰਸਾਰ ਦਾ ਪ੍ਰਬੰਧ ਸਹੀ ਤਰੀਕੇ ਨਾਲ ਨਾ ਕਰ ਸਕਣ ਲਈ ਪੱਖਪਾਤੀ ਤੇ ਬੇਦਰਦ ਕਹਿ ਸਕਦੇ ਹਾਂ। ਇੱਥੋਂ ਤੱਕ ਕਹਿ ਸਕਦੇ ਹਾਂ ਕਿ ਉਹ ਮਨੁੱਖੀ ਹਾਲਾਤ ਅਤੇ ਭਾਵਨਾਵਾਂ ਪ੍ਰਤੀ ਉਦਾਸੀਨ ਅਤੇ ਬੇਫ਼ਿਕਰ ਹੈ ਕਿਉਂਕਿ ਉਸ ਦੇ ਸਾਹਮਣੇ ਚੰਗਿਆਂ ਦਾ ਮੰਦਾ ਤੇ ਮੰਦਿਆਂ ਦਾ ਚੰਗਾ ਹੋਈ ਜਾਂਦਾ ਹੈ। ਕਹਿ ਸਕਦੇ ਹਾਂ ਕਿ ਏਨੇ ਚਿਰ ਤੋਂ ਰੱਬ-ਪੁਣਾ ਕਰਦੇ ਹੋਣ ਦੇ ਬਾਵਜੂਦ ਉਸ ਨੇ ਆਪਣੇ ਤਜਰਬੇ ਤੋਂ ਬਹੁਤੇ ਸਬਕ ਨਹੀਂ ਸਿੱਖੇ। ਇਹ ਸਭ ਕਹਿਣ ਲਈ ਸਾਨੂੰ ਕੋਈ ਕੁਝ ਨਹੀਂ ਕਹਿੰਦਾ ਜਦੋਂਕਿ 'ਪੇਟੈਂਟ' ਕੀਤੇ ਨਾਵਾਂ ਰਾਹੀਂ ਰੱਬ ਬਾਰੇ ਇੰਨਾ ਸੋਚ ਲੈਣ ਦੀ ਵੀ ਸਜ਼ਾ ਮਿਲ ਸਕਦੀ ਹੈ। ਇਸ ਨਾਉਂ ਰਾਹੀਂ ਰੱਬ ਨਾਲ ਇਸ ਤਰ੍ਹਾਂ ਦੀ ਖੁੱਲ੍ਹ-ਖੇਡ ਸ਼ਿਵ ਕੁਮਾਰ ਬਟਾਲਵੀ ਅਤੇ ਇਨ੍ਹਾਂ ਤੋਂ ਪਹਿਲਾਂ ਸਾਈਂ ਬੁੱਲ੍ਹੇ ਸ਼ਾਹ ਵਰਗਿਆਂ ਨੇ ਵੀ ਲਈ ਹੈ।


ਇਹ ਨਾਉਂ ਦੋਵੇਂ ਪੰਜਾਬਾਂ ਦੀ ਆਮ ਜਨਤਾ 'ਚ ਹਰਮਨ ਪਿਆਰਾ ਹੈ ਭਾਵੇਂ ਕਿ 'ਪੰਜਾਬ' ਸ਼ਬਦ ਦੀ ਤਰ੍ਹਾਂ ਇਹ ਵੀ ਪੰਜਾਬੀ ਭਾਸ਼ਾ ਦਾ ਸ਼ਬਦ ਨਹੀਂ। ਰੱਬ ਅਰਬੀ ਭਾਸ਼ਾ ਦਾ ਸ਼ਬਦ ਹੈ ਜਦੋਂਕਿ ਪੰਜਾਬ ਫ਼ਾਰਸੀ ਦਾ। ਭਾਰਤੀ ਧਾਰਮਿਕ ਗ੍ਰੰਥਾਂ 'ਚ ਇਹ ਨਾਉਂ ਨਾਂਹ ਦੇ ਬਰਾਬਰ ਵਰਤਿਆ ਗਿਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਰੱਬ ਦੇ ਇਸ ਨਾਉਂ ਦੀ ਮਹੱਤਤਾ ਹੋਰਾਂ ਤੋਂ ਘੱਟ ਹੈ। ਇਹ ਇਸਲਾਮ ਧਰਮ ਦੇ ਉਨ੍ਹਾਂ 99 ਪਿਆਰੀ ਨਾਵਾਂ 'ਚੋਂ ਇੱਕ ਹੈ ਜਿਨ੍ਹਾਂ ਦਾ ਜ਼ਿਕਰ ਪਵਿੱਤਰ ਕੁਰਾਨ ਸ਼ਰੀਫ 'ਚ ਆਉਂਦਾ ਹੈ। ਇਸ ਦਾ ਭਾਵ ਮਾਲਿਕ, ਰਾਖਾ ਜਾਂ ਪਾਲਣਹਾਰ ਹੈ ਜਿਸ ਕਰ ਕੇ ਉਸ ਨੂੰ 'ਰੱਬ-ਉਲ-ਆਲਮੀਨ' ਯਾਨੀ ਕਿ ਸਾਰੇ ਸੰਸਾਰ ਦਾ ਰੱਬ ਕਿਹਾ ਗਿਆ ਹੈ, ਨਾ ਕਿ ਸਿਰਫ਼ ਇਸਲਾਮ ਦੇ ਉਪਾਸ਼ਕਾਂ ਦਾ। ਰੱਬ ਦੇ ਸਭ ਨਾਉਂ ਉਸ ਦੇ ਗੁਣ-ਵਾਚਕ ਨਾਉਂ ਹਨ, ਉਸ ਦੇ ਸਿਫ਼ਾਤੀ ਜਾਂ 'ਕੁਆਲੀਟੇਟਿਵ' ਨਾਉਂ ਹਨ। ਇਹ ਸਭ ਉਸ ਦੇ ਉਪਾਸ਼ਕਾਂ ਨੇ ਆਪੋ-ਆਪਣੇ ਪਿਆਰ 'ਚ ਆ ਕੇ ਰੱਖੇ ਹੋਏ ਹਨ, ਕਿਉਂਕਿ ਉਸ ਦੇ ਅਸਲ ਨਾਉਂ ਦਾ ਕਿਸੇ ਨੂੰ ਪਤਾ ਨਹੀਂ। ਅਸਲ ਨਾਉਂ ਉਹ ਹੁੰਦਾ ਹੈ ਜੋ ਕਿਸੇ ਦੇ ਮਾਤਾ-ਪਿਤਾ ਨੇ ਰੱਖਿਆ ਹੋਵੇ ਅਤੇ ਸਰਕਾਰੇ-ਦਰਬਾਰੇ ਪ੍ਰਵਾਨ ਹੋਵੇ। ਰੱਬ ਦੇ ਮਾਮਲੇ 'ਚ ਇਹ ਸੰਭਵ ਨਹੀਂ ਕਿਉਂਕਿ ਉਸ ਦਾ ਕੋਈ ਮਾਤਾ-ਪਿਤਾ ਜਾਂ ਭੈਣ-ਭਰਾ ਨਹੀਂ ਅਤੇ ਓਹ ਆਪਣੇ-ਆਪ ਹੀ ਬਣਿਆ ਦੱਸੀਂਦਾ ਹੈ। ਹਰ ਨਾਉਂ ਨਾਲ ਉਪਾਸ਼ਕਾਂ ਦੀਆਂ ਭਾਵਨਾਵਾਂ, ਸ਼ਰਧਾ ਅਤੇ ਪ੍ਰੇਮ ਜੁੜਿਆ ਹੋਇਆ ਹੈ। ਇਸ ਤਰ੍ਹਾਂ ਦੇ ਨਾਉਂ ਅਸੀਂ ਆਪਣੇ ਮਹਾਂ-ਪੁਰਖਾਂ ਦੇ ਵੀ ਰੱਖੇ ਹੋਏ ਹਨ। ਉਦਾਹਰਣ ਵਜੋਂ, ਅਸੀਂ ਸ੍ਰੀ ਕ੍ਰਿਸ਼ਨ ਭਗਵਾਨ ਨੂੰ ਬੰਸਰੀ ਵਾਲਾ, ਸ਼ਿਆਮ-ਸੁੰਦਰ, ਮੁਰਲੀ ਮਨੋਹਰ, ਮੁਰਾਰੀ ਕਹਿੰਦੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਜਰੀ ਦਾ ਚੰਨ, ਬਾਜਾਂ ਵਾਲਾ, ਕਲਗੀਆਂ ਵਾਲਾ, ਅੰਮ੍ਰਿਤ ਦਾ ਦਾਤਾ, ਸਰਬੰਸਦਾਨੀ ਕਹਿੰਦੇ ਹਾਂ। ਇਸ ਤੋਂ ਸਪਸ਼ਟ ਹੈ ਕਿ ਰੱਬ ਦੇ ਸਾਰੇ ਨਾਉਂ ਸਤਿਕਾਰਯੋਗ ਹਨ ਅਤੇ ਇਨ੍ਹਾਂ ਬਾਰੇ ਬਹਿਸ-ਮੁਬਾਹਿਸਾ ਗ਼ਲਤ ਹੈ ਕਿਉਂਕਿ ਇਹ ਉਸ ਨੂੰ ਗੁੰਝਲਦਾਰ ਬੁਝਾਰਤ ਜਾਂ ਗੋਰਖ-ਧੰਦਾ ਬਣਾਉਣ ਦਾ ਇੱਕ ਕਾਰਨ ਬਣਦਾ ਹੈ।

**ਇੰਜ. ਈਸ਼ਰ ਸਿੰਘ**

# ਪੰਜਾਬੀ ਕਵਿਤਾਵਾਂ

## ਗ਼ਜ਼ਲ

### ਅਹਿਸਾਸ



ਤੈਥੋ ਜੁਦਾ ਹੋਵਾ ਤਾਂ ਗਮਗੀਨ ਜਿਹਾ ਜਾਪਦਾ ਹੈ ਆਲਮ,
ਮੈਨੂੰ ਮੇਰੀ ਨਗਰੀ ਮੇਰੇ ਆਪਣੇ ਹੀ ਸ਼ਹਿਰ ਦਾ ।

ਸਾਹਾਂ ਨੂੰ ਰੱਖਾ ਗਿਰਵੀ ਤਾਂ ਵੀ ਚੁਕਾ ਨਹੀਂ ਹੋਣਾ ਕਰਜਾ,
ਤੇਰੇ ਦਰ ਮੇਰੇ ਕਦਮਾਂ ਨੂੰ ਮਿਲੀ ਦੋ ਪਲ ਦੀ ਠਹਿਰ ਦਾ।

ਉਜਾੜ ਗਈ ਪਲਾਂ ਅੰਦਰ ਹੀ ਜੰਗਲ ਦੀ ਨੁਹਾਰ ਨੂੰ,
ਬੜੀ ਬੇਰੁਖ ਸੀ ਹਵਾ ਤੇ ਮੌਸਮ ਸੀ ਕਹਿਰ ਦਾ ।

ਝੁਲਸ ਜਾਵਾ ਡਾਲ ਦੇ ਕੋਮਲ ਪੱਤਿਆਂ ਦੇ ਵਾਂਗ,
ਆਵੇ ਜਦ ਚੇਤਾ ਤੇਰਾ ਬਣ ਵੇਲਾ ਦੁਪਹਿਰ ਦਾ।

ਆਪ-ਮੁਹਾਰੇ ਹੀ ਹੋ ਜਾਂਦਾ ਏ ਸਿਜਦਾ ਤੇਰੇ ਮੁੱਖ ਨੂੰ,
ਤੇਰੀ ਦੀਦ ਦਾ ਨਜ਼ਾਰਾ ਜਿਉਂ ਸਰਘੀ ਦੇ ਪਹਿਰ ਦਾ।
ਕਿੰਝ ਕਰਾਂ ਰੁਖ਼ਸਤ ਤੈਨੂੰ ਮੈਂ ਆਪਣੇ ਆਪ ਤੋਂ,
ਤੇਰੇ ਸੰਗ ਨਾਤਾ ਮੇਰਾ ਜਿਉਂ ਗਜ਼ਲ ਸੰਗ ਬਹਿਰ ਦਾ ।

**ਮਨਪ੍ਰੀਤ ਕੌਰ**

## ਹੱਕਾਂ ਦੀ ਲੋਹੜੀ



ਆਓ ਰਲ-ਮਿਲਉੱਚੀ ਗਾਈਏ,
ਦੁੱਲੇ ਭੱਟੀ ਦੀ ਘੋੜੀ।

ਮੱਲੀਏ ਜਾ ਕੇ ਸਰਕਾਰ ਦੇ ਦਰ ਨੂੰ,
ਮੰਗੀਏ ਹੱਕਾਂ ਦੀ ਲੋਹੜੀ।

ਕਦ ਤੱਕ ਦਲਿੱਦਰ ਜਾਣੇ ਨੇ,
ਕਦ ਤੱਕ ਬੈਠਣਾ ਝੂਠੀ ਆਸ 'ਤੇ।

ਤਿਲ ਸੁੱਟਿਆਂ ਨਾ ਗੱਲ ਬਣਨੀ ਏ,
ਕਫ਼ਨ ਪਾਈਏ ਲਾਰਿਆਂ ਦੀ ਲਾਸ਼ 'ਤੇ।

ਇੱਥੇ ਕਿਸੇ ਨਾ ਪਾਉਣੀ ਏ,
ਖ਼ਾਲੀ ਝੋਲੀ, ਮਿੱਠੀ ਰਿਉੜੀ।

ਦਰ 'ਤੇ ਜਾ ਆਵਾਜ਼ ਨਾ ਦੇਣੀ,
ਨਾ ਹੀ ਹੋਕਾ ਲਾਉਣਾ।

ਹਿੱਕ ਵਿੱਚ ਵੱਜਣਾ ਹਾਕਮ ਦੇ,
ਮੰਗਾਂ ਦਾ ਕੁੰਢਾ ਖੜਕਾਉਣਾ।

ਆਪਣੇ ਹਿੱਸੇ ਦੀ ਈਸ਼ਰ,
ਲੈ ਕੇ ਜਾਣੀ ਬਹੁਤੀ ਜਾਂ ਥੋੜ੍ਹੀ।

ਵਾਅਦਿਆਂ ਦੀਆਂ ਪਾਥੀਆਂ ਚਿਣ,
ਤੀਲ੍ਹੀ ਲਾਉਣੀ ਇਨਕਲਾਬ ਦੀ।

'ਗਿੱਲ' ਸਾਰੀ ਰਾਤ ਬੈਠ ਸੇਕਣੀ ਏ,
ਧੂਣੀ ਸਿਆਸਤ ਦੇ ਨਵਾਬ ਦੀ।

ਸਦਾ ਸਲਾਮਤ ਰਹੇ ਮਿੱਤਰਾ!
ਸੰਘਰਸ਼ਾਂ ਤੇ ਅਣਖਾਂ ਦੀ ਜੋੜੀ।

ਆਓ ਰਲ-ਮਿਲਉੱਚੀ ਗਾਈਏ,
ਦੁੱਲੇ ਭੱਟੀ ਦੀ ਘੋੜੀ।

ਮੱਲੀਏ ਜਾ ਕੇ ਸਰਕਾਰ ਦੇ ਦਰ ਨੂੰ,
ਮੰਗੀਏ ਹੱਕਾਂ ਦੀ ਲੋਹੜੀ।

**ਜਸਵੰਤ ਗਿੱਲ**

## ਮਿੰਨੀ ਕਹਾਣੀ
## ਤਸਵੀਰ

ਮਾਂ ਨੇ ਹੱਸਦਿਆਂ ਕਹਿਣਾ, ਮੈਂ ਤਾਂ ਉੱਚੀ ਲੰਮੀ ਕਰਤਾਰੋ ਅੰਬੋ ਦੀ ਨੂੰਹ ਵਰਗੀ ਨੂੰਹ ਲੈ ਕੇ ਆਉਂਗੀ,ਉਹਨੇ ਹੱਸ ਕੇ ਕਹਿ ਦੇਣਾਂ ਮਾਂ ਐਨਾ ਨੂੰਹ ਨੂੰਹ ਨਾ ਕਰਿਆ ਕਰ ਕੀ ਪਤਾ,ਕੀ ਪਤਾ ਤੇਰੇ ਪੁੱਤ ਦਾ ਆ ਵਿਆਹ ਵਿਹੁ ਜੇ ਕਰਾਉਣ ਨੂੰ ਚਿੱਤ ਰਾਜ਼ੀ ਹੀ ਨਾ ਹੋਵੇ, ਜਾਂ ਜੇ ਆਪੇ ਉਪੋ ਕਰਵਾ ਲਿਆ ਫ਼ੇਰ ਵੇਖਦੀ ਰਹਿਵੀਂ ਡੋਲਾ ਵਾਰਨ ਦੇ ਖ਼ਾਬ , ਮੈਂ ਨੇ ਕਹਿਣਾ ਫ਼ੇਰ ਜੁੱਤੀ ਆ ਮੇਰੇ ਪੈਰ ਵਿਚ,,, ਉਨੀਂਵਾਂ ਉਤਰ ਕੇ ਸੁਖ ਨਾਲ ਵੀਹਵਾਂ ਲੱਗ ਜਾਣਾਂ ਸੀ ਅਗਲੇ ਮਹੀਨੇ,,,, ਪਰ ਚੰਦਰਾ ਪਤਾ ਹੀ ਨਹੀਂ ਲੱਗਾ ਕਿੱਧਰ ਹਵਾ ਹੋ ਗਿਆ,,,,ਆਸ ਪਾਸ ਚੱਪਾ ਚੱਪਾ ਛਾਂਟ ਮਾਰਿਆ ਪਰ ਉਸ ਝੱਲੇ ਦੀ ਕੋਈ ਉਘ ਸੁਘ ਨਾ ਮਿਲੀ, ਮਾਂ ਬੀਤੇ ਸਮੇਂ ਵਿੱਚ ਕਹੀਆਂ ਉਸਦੀਆਂ ਹੱਸ ਕੇ ਗੱਲਾਂ ਯਾਦ ਕਰਦੀ ਰੋ ਪੈਂਦੀ ਤੇ ਕਹਿੰਦੀ ਚੰਦਰਾ ਸੱਚ ਹੀ ਕਹਿੰਦਾ ਸੀ ਕਿ ਮਾਏਂ ਪਤਾ ਨਹੀਂ ਕਦੋਂ ਤੇਰੀਆਂ ਹੱਸ ਹੱਸ ਕੇ ਕਹੀਆਂ ਗੱਲਾਂ ਨੇ, ਤੇਰੇ ਪੁੱਤ ਨੂੰ ਸਾਧ ਬਣਾ ਦੇਣਾ ਹੈ। ਉਹਦਾ ਬਾਪੂ ਤਾਂ ਪਿਛਲੇ ਸਾਲ ਪੂਰਾ ਹੋ ਗਿਆ ਤੇ ਭੈਣਾਂ ਵਿਆਹ ਕੇ ਆਪੋ ਆਪਣੇ ਘਰ ਚੱਲੀਆਂ ਗਈਆਂ, ਮਾਂ ਕਦੇ ਦੋ ਮਹੀਨੇ ਕਿਸੇ ਕੁੜੀ ਕੋਲ ਚੱਲੀ ਜਾਂਦੀ ਤੇ ਕਦੇ ਦੋ ਮਹੀਨੇ ਕਿਸੇ ਕੁੜੀ ਕੋਲ, ਜਦ ਕਦੀਂ ਜ਼ਿਆਦਾ ਹੀ ਲੀਕ ਜਿਹੀ ਉੱਠਦੀ ਅੰਦਰ,ਵਿਚ ਦੀ ਦੋ ਚਾਰ ਦਿਨ ਪਿੰਡ ਵੀ ਲਾ ਜਾਂਦੀ । ਭਲਾਂ ਤਾਏ ਚਾਚਿਆਂ ਨਾਲ ਕਾਹਦੀਆਂ ਸਕੀਰੀਆਂ ਹੁੰਦੀਆਂ ਸ਼ਰੀਕ ਤਾਂ ਜੇ ਚੱਜਦਾ ਹੋਵੇ ਤਾਂ ਹੀ ਸੋਭਦਾ, ਇਹਨਾਂ ਦੀ ਤਾਂ ਪਹਿਲਾਂ ਹੀ ਪੀੜੀਆਂ ਤੋਂ ਦੁਸ਼ਮਣੀ ਚੱਲੀ ਆਉਂਦੀ ਸੀ। ਵਿੱਚ ਤਾਂ ਪਿੰਡ ਦੇ ਕਈ ਬੰਦਿਆਂ ਦਾ ਕਹਿਣਾਂ ਸੀ ਕਿ ਭਾਈ ਨਾਜਰ ਸਿਉਂ ਦੇ ਮੁੰਡੇ ਨੂੰ ਇਹਨਾਂ ਦੇ ਹੀ ਸ਼ਰੀਕੇ ਕਬੀਲੇ ਨੇ ਹੀ ਚੱਕਵਾ ਚਿਕਵੂ ਦਿੱਤਾ ਹੈ।

ਖ਼ਾਸੇ ਦਿਨ ਪਹਿਲਾਂ ਇੱਕ ਜੋਗੀ ਆਇਆ, ਨੀਲੇ ਕੇ ਘਰਦੇ ਬਾਰ ਅੱਗੇ ਖਲੋ ਗਿਆ ਤੇ ਹਾਕ ਮਾਰਨ ਲੱਗਾ ਕਿ ਭਾਈ ਖ਼ੈਰ ਪਾ ਦੇਵੋ,ਨਾਜਰ ਆਵਾਜ਼ ਸੁਣ ਘਰੋਂ ਆਇਆ ਤੇ ਕਹਿੰਦਾ ਬਾਬਾ ਇਹਨਾਂ ਦੇ ਘਰ ਤਾਂ ਕੋਈ ਹੈ ਨਹੀਂ ਇੱਕ ਮੁੰਡਾ ਸੀ ਉਹ ਪਤਾ ਨਹੀਂ ਕਿੱਥੇ ਹਵਾ ਹੋ ਗਿਆ ਤੇ ਉਹਦੀ ਮਾਂ ਬੁੱਢੀ ਕੁੜੀਆਂ ਕੋਲ ਵਕਤ ਟਪਾ ਰਹੀ ਹੈ। ਉਹ ਜੋਗੀ ਬਣਾ ਕੁਝ ਬੋਲੇ ਅਗਾਂਹ ਤੁਰ ਗਿਆ ਤੇ ਮੁੜ ਇਸ ਪਿੰਡ ਵਿੱਚ ਉਸਨੇ ਕਦੇ ਖ਼ੈਰ ਨਾ ਮੰਗੀ, ਅਗਾਂਹ ਕਿਸੇ ਪਿੰਡ ਲੰਘ ਗਿਆ,,,, ਐਦਾਂ ਹੀ ਕਈ ਮਹੀਨੇ ਲੰਘੇ ਤੇ ਉਹਨਾਂ ਦੇ ਬੂਹੇ ਤੇ ਇੱਕ ਤਸਵੀਰ ਲਮਕ ਰਹੀ ਸੀ ਜੋ ਕਿ ਨੀਲੇ ਸਿਉਂ ਦੀ ਸੀ, ਜਦੋਂ ਉਹ ਬੁੜੀ ਕੁੜੀਆਂ ਕੋਲੋਂ ਆਈ ਤਾਂ ਉਸਨੇ ਵੇਖਿਆ ਕਿ ਇਹ ਤਸਵੀਰ ਕਿਸਨੇ ਟੰਗੀ ਹੈ ਤਾਂ ਉਸਨੇ ਆਸ ਪਾਸ ਦੀਆਂ ਗੁਆਂਢਣਾਂ ਤੋਂ ਪੁੱਛਿਆਂ ਤਾਂ ਕਿਸੇ ਨੇ ਕੁੱਝ ਨਹੀਂ ਸੀ ਪਤਾ,ਉਸ ਬੁੜੀ ਨੇ ਤਸਵੀਰ ਲਾਹੀ ਤੇ ਅੰਦਰ ਲੈ ਗਈ, ਜਦੋਂ ਉਸਨੇ ਤਸਵੀਰ ਦਾ ਦੂਸਰਾ ਪਾਸਾ ਵੇਖਿਆ ਤਾਂ ਉਸਤੇ ਉਸ ਜੋਗੀ ਦੀ ਤਸਵੀਰ ਬਣੀ ਹੋਈ ਸੀ,ਜੋ ਕਿ ਉਸਦਾ ਹੀ ਮੁੰਡਾ ਸੀ।

**ਸੁਖਦੀਪ ਸਿੰਘ ਰਾਏਪੁਰ**

## ਸੱਚ ਨੂੰ ਸੱਚ ਆਖਣ ਦੀ

ਚਲਦੇ ਚਲਦੇ ਰਾਹੀ ਮੰਜ਼ਿਲ ਲੱਭ ਲੈਂਦੇ,
ਵਹਿੰਦੇ ਵਹਿੰਦੇ ਨਾਲੇ ਦਰਿਆ ਬਣ ਜਾਂਦੇ।
ਔਖਾ, ਨਾਮੁਮਕਿਨ, ਮੁਸ਼ਕਿਲ ਕੋਈ ਕੰਮ ਨਹੀਂ,
ਹੌਸਲੇ ਅੱਗੇ ਪਰਬਤ ਬੌਣੇ ਬਣ ਜਾਂਦੇ।
ਤੂਫ਼ਾਨਾਂ ਵਿੱਚ ਵੱਡੇ ਰੁੱਖ ਡਿੱਗ ਜਾਂਦੇ ਨੇ,
ਭੁਰ ਟੁੱਟ ਪੱਥਰ, ਰੇਤਾ, ਬਜਰੀ ਬਣ ਜਾਂਦੇ।
ਅਕਲ ਕਮੀਨੀ ਅੰਬਰੋਂ ਜਦ ਲਹਿੰਦੀ ਹੇਠਾਂ,
ਸ਼ਾਤਿਰ, ਚਤਰ, ਸਿਆਣੇ ਮੂਰਖ ਬਣ ਜਾਂਦੇ।
ਵਕਤ ਹੈ ਜੋ ਹਰ ਸ਼ੈਅ ਦੀ ਕੀਮਤ ਦੱਸਦਾ ਹੈ,
ਘੋਰ ਹਨੇਰੇ, ਜੁਗਨੂੰ ਵੀ ਚੰਨ ਬਣ ਜਾਂਦੇ।


**ਰੋਹਿਤ ਗੁਪਤਾ 'ਸੰਜੂ'**

# ਕਈ ਬਦਲਾਵਾਂ ਦੇ ਬਾਅਦ ਸੁਰੱਖਿਆ ਵਿਵਸਥਾ ਵਿੱਚ ਵਾਧਾ, ਨਵੇਂ ਮੁੱਖ ਮੰਤਰੀ ਦੇ ਨਾਲ ਹੀ ਮੰਤਰੀ ਮੰਡਲ ਦੇ ਹੋਰ ਚਿਹਰਿਆਂ ਨੂੰ ਲੈ ਕੇ ਚਰਚਾ ਤੇਜ਼

## ਦਫਤਰਾਂ ਵਿੱਚੋਂ ਮੰਤਰੀਆਂ ਦੇ ਨਾਮ ਦੀਆਂ ਤਖਤੀਆਂ ਉਤਰਨ ਲੱਗੀਆਂ

ਨਵੀ ਦਿੱਲੀ, 11 ਫਰਵਰੀ, (ਜਸਵਿੰਦਰ ਸਿੰਘ ਬਿੱਟਾ)-ਦਿੱਲੀ ਚੋਣ ਦੇ ਨਤੀਜੇ ਦਾ ਅਸਰ ਸਕੱਤਰੇਤ ਵਿੱਚ ਵੀ ਨਜ਼ਰ ਆਉਂਦਾ ਹੈ। ਹਰ ਮੰਜਿਲ ਤੇ ਅਧਿਕਾਰੀ ਸੇਵਾ ਕਰਮਚਾਰੀ ਤੱਕ ਨਵੀਂ ਸਰਕਾਰ ਵਿਚ ਪ੍ਰਧਾਨ ਮੰਤਰੀ ਚਿਹਰੇ, ਉਨ੍ਹਾਂ ਦੇ ਮੰਤਰੀ ਮੰਡਲ ਅਤੇ ਪ੍ਰਤੀਨਿਧਤਾ ਦੇ ਬਾਅਦ ਉਨ੍ਹਾਂ ਦੀ ਪ੍ਰਾਥਮਿਕਤਾ ਨੂੰ ਲੈ ਕੇ ਚਰਚਾ ਕਰ ਰਹੇ ਹਨ। ਸੋਮਵਾਰ ਨੂੰ ਪੁਰਾਨੀ ਫੋਟੋਆਂ ਅਤੇ ਹੋਰਡਿੰਗਜ਼ ਉਤਾਰੇ ਜਾ ਰਹੇ ਸਨ ਅਤੇ ਨਵੇਂ ਚਿਹਰਿਆਂ 'ਤੇ ਚਰਚਾ ਤੇਜ਼ ਸੀ ।

**ਸੁਰੱਖਿਆ ਵਿਵਸਥਾ ਸਖ਼ਤ :** ਤਬਦੀਲੀ ਦੀ ਪਹਿਲੀ ਆਹਟ ਸਕੱਤਰੇਤ ਦੇ ਗੇਟ 'ਤੇ ਦਿਖਾਈ ਦੇ ਰਹੀ ਹੈ। ਦੁਪਹਿਰ ਬਾਅਦ ਚਾਰ ਵਜੇ ਜਦੋਂ ਦਫ਼ਤਰਾਂ ਵਿੱਚ ਕੰਮ ਖ਼ਤਮ ਹੋਣ ਲੱਗਦਾ ਹੈ ਤਾਂ ਉਸ ਸਮੇਂ ਵੀ ਸਕੱਤਰੇਤ ਦੇ ਗੇਟ ਨੰਬਰ 6 ਤੇ ਆਮ ਦਿਨਾਂ ਦੀ ਤੁਲਨਾ ਨਾਲੋਂ ਜਿਆਦਾ ਸੁਰੱਖਿਆ ਕਰਮਚਾਰੀ ਤੈਨਾਤ ਰਹਿੰਦੇ ਹਨ। ਸਖ਼ਤ ਜਾਂਚ ਦੇ ਬਾਅਦ ਹੀ ਲੋਕਾਂ ਨੂੰ ਅੰਦਰ ਜਾਣ ਦੀ ਮਨਜ਼ੂਰੀ ਦਿੱਤੀ ਜਾ ਰਹੀ ਹੈ। ਅੱਗੇ ਜਾਣ ਤੇ ਫਿਰ ਤਿੰਨ ਪੁਲਸ ਕਰਮਚਾਰੀ ਕਾਰਡ ਅਤੇ ਪਾਸ ਦੇਖਣ ਦੇ ਬਾਅਦ ਅੰਦਰ ਜਾਣ ਦੀ ਮਨਜ਼ੂਰੀ ਦਿੰਦੇ ਹਨ।



**ਬਜਟ ਨੂੰ ਲੈ ਕੇ ਅਧਿਕਾਰੀਆਂ ਦੀਆਂ ਬੈਠਕਾ ਚੱਲ ਰਹੀਆਂ**

*ਦੂਜੀ ਮੰਜਿਲ ਮੁੱਖ ਦਫ਼ਤਰ ਦੇ ਸਾਹਮਣੇ ਵੀ ਪੁਲਿਸ ਕਰਮਚਾਰੀ ਤੈਨਾਤ ਹਨ। ਮੁੱਖ ਦਫ਼ਤਰ ਦੇ ਵੱਲ ਜਾਣ ਦੀ ਇਜਾਜ਼ਤ ਫਿਲਹਾਲ ਕਿਸੇ ਨੂੰ ਨਹੀਂ ਹੈ। ਚੌਥੀ ਮੰਜਿਲ 'ਤੇ ਵਿੱਤ ਵਿਭਾਗ ਦਾ ਦਫ਼ਤਰ ਹੈ, ਜਿੱਥੇ ਬਜਟ ਨੂੰ ਲੈ ਕੇ ਅਧਿਕਾਰੀਆਂ ਦੀਆਂ ਮੀਟਿੰਗਾਂ ਚੱਲ ਰਹੀਆਂ ਹਨ। ਅਧਿਆਰੀਆਂ ਨੇ ਦੱਸਿਆ ਕਿ ਮਾਰਚ ਵਿੱਚ ਦਿੱਲੀ ਦਾ ਬਜਟ ਆਉਣਾ ਹੈ। ਹੁਣ ਨਵੀਂ ਸਰਕਾਰ ਆ ਰਹੀ ਹੈ ਤਾਂ ਬਜਟ ਤੇ ਵੀ ਉਹਨਾਂ ਦਾ ਅਸਰ ਦਿਖਾਈ ਦੇਵੇਗਾ । ਪਰ ਉਹਨਾਂ ਦੇ ਮਨ ਵਿੱਚ ਵੀ ਪਹਿਲਾ ਸਵਾਲ ਇਹ ਹੈ ਕਿ ਆਖਰ ਮੁੱਖ ਮੰਤਰੀ ਕੌਣ ਹੋਵੇਗਾ*

**ਖਾਣ-ਪੀਣ ਅਤੇ ਸਪਲਾਈ ਮੰਤਰੀ ਦੇ ਬੋਰਡ ਵੀ ਜਲਦੀ ਉਤਰਨਗੇ**

ਸੱਤਵੀਂ ਅਤੇ ਅੱਠੀਂ ਮੰਜਿਲ 'ਤੇ ਪਿਛਲੀ ਸਰਕਾਰ ਦੇ ਵਾਤਾਵਰਣ ਮੰਤਰੀ, ਸਿਹਤ ਮੰਤਰੀ, ਭੋਜਨ ਸਪਲਾਈ ਮੰਤਰੀ ਬੋਰਡ ਅਜੇ ਲੱਗੇ ਹੋਏ ਹਨ , ਇਹਨਾਂ ਨੂੰ ਵੀ ਜਲਦੀ ਉਤਾਰਿਆਂ ਜਾਵੇਗਾ।

ਇੱਥੇ ਮੰਤਰੀਆਂ ਦੇ ਦਫਤਰ ਵਿੱਚ ਤੈਨਾਤ ਅਧਿਕਾਰੀ ਅਤੇ ਕਰਮਚਾਰੀ ਚੋਣ ਨਤੀਜਿਆਂ ਦੇ ਗੁਣਾ ਗਣਿਤ ਵਿੱਚ ਲੱਗੇ ਸਨ,ਕਿਉਂਕਿ ਸ਼ਨੀਵਾਰ ਨੂੰ ਚੋਣ ਨਤੀਜੇ ਆਏ ਤਾਂ ਸਕੱਤਰੇਤ ਵਿੱਚ ਛੁੱਟੀ ਸੀ। ਉਸਦੇ ਬਾਅਦ ਸਾਰੇ ਐਤਵਾਰ ਨੂੰ ਮਿਲੇ ਸਨ। ਚਰਚਾ ਦੇ ਦੌਰਾਨ ਕੋਈ ਕਹਿ ਰਿਹਾ ਹੈ ਕਿ ਮੁੱਖ ਮੰਤਰੀ ਨੂੰ ਹਰਾਉਣ ਵਾਲਾ ਹੀ ਮੁੱਖ ਮੰਤਰੀ ਬਣੇਗਾ ਤੇ ਕੋਈ ਨਵੇਂ ਚਿਹਰਿਆ ਦੀ ਗਿਣਤੀ ਗਿਣਾ ਰਿਹਾ ਹੈ।

**ਨੇਤਾ ਪ੍ਰਤੀਪੱਖ ਦੇ ਨਾਮ ਤੇ ਸਾਰਿਆਂ ਦੀ ਆਪਣੀ-ਆਪਣੀ ਰਾਏ**

ਨਵੀਂ ਸਰਕਾਰ 'ਚ ਨਵੇਂ ਮੁੱਖ ਮੰਤਰੀ ਦੇ ਨਾਂ ਨਾਲ ਪੁਰਾਣੇ ਚਿਹਰਿਆਂ ਨੂੰ ਲੈ ਕੇ ਚਰਚਾ ਹੋ ਰਹੀ ਹੈ। ਸਭ ਤੋਂ ਪਹਿਲਾਂ, ਮੌਜੂਦਾ ਰਾਜ ਸਰਕਾਰ ਜਦੋਂ ਵਿਪੱਖ ਵਿੱਚ ਸੀ ਤਾਂ ਨੇਤਾ ਪ੍ਰਤੀਪੱਖ ਕੌਣ ਹੋਵੇਗਾ, ਕਿਉਂਕਿ, ਅਰਵਿੰਦ ਕੇਜਰੀਵਾਲ, ਮਨੀਸ ਸਸੋਦੀਆ ਆਪਣੀ ਚੋਣ ਹਾਰ ਚੁੱਕੇ ਹਨ। ਇਸ 'ਤੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਆਪਣੀ-ਆਪਣੀ ਰਾਏ ਹੈ। ਇਸਦੇ ਚਰਚਾ ਇਕ ਸਾਬਕਾ ਮੰਤਰੀ ਨੂੰ ਲੈ ਕੇ ਵੀ ਜੋ ਪਿਛਲੀ ਸਰਕਾਰ ਵਿੱਚ ਟਰਾਂਸਪੋਰਟ ਮੰਤਰੀ ਸਨ।, ਹੁਣ ਲੋਕ ਜਾਣਨਾ ਚਾਹੁੰਦੇ ਹਨ ਕਿ ਉਹ ਨਵੀਂ ਸਰਕਾਰ ਵਿੱਚ ਵੀ ਮੰਤਰੀ ਬਣਕੇ ਫਿਰ ਵਾਪਸੀ ਕਰਨਗੇ। ਵਿਚਾਰ ਕਰੋ ਅਤੇ ਆਪਣੀ-ਆਪਣੀ ਹੈ। ਇਸ ਦੇ ਨਾਲ ਚਰਚਾ ਇੱਕ ਸਾਬਕਾ ਮੰਤਰੀ ਨੂੰ ਵੀ ਹੈ, ਜੋ ਕਿ ਪਿਛਲੀ ਸਰਕਾਰ ਵਿੱਚ ਟਰਾਂਸਪੋਰਟ ਹੈ, ਹੁਣ ਲੋਕ ਜਾਣਨਾ ਚਾਹੁੰਦੇ ਹਨ ਕਿ ਕੀ ਉਹ ਨਵੀਂ ਸਰਕਾਰ ਨੂੰ ਮੰਤਰੀ ਬਣਾਉਣ ਲਈ ਫਿਰ ਵਾਪਸੀ ਕਰਨਗੇ।

## ਜਮੁਨਾ ਵਿੱਚ ਡੁੱਬੀ ਆਮ ਆਦਮੀ ਪਾਰਟੀ ਦੀ ਲੁਟੀਆ – ਬਿਧੂੜੀ

ਨਵੀਂ ਦਿੱਲੀ,ਨਵੀ ਦਿੱਲੀ, 11 ਫਰਵਰੀ, (ਜਸਵਿੰਦਰ ਸਿੰਘ ਬਿੱਟਾ)-ਦੱਖਣੀ ਦਿੱਲੀ ਦੇ ਸੰਸਦ ਰਾਮਵੀਰ ਸਿੰਘ ਬਿਧੂੜੀ ਨੇ ਸੋਮਵਾਰ ਨੂੰ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਦੀ ਹਾਰ 'ਤੇ ਤੰਜ ਕੱਸਦਿਆ ਕਿਹਾ ਕਿ ਅਸਲ ਵਿਚ ਆਮ ਆਦਮੀ ਪਾਰਟੀ ਦੀ ਲੁਟੀਆ ਜਮੁਨਾ ਵਿਚ ਹੀ ਡੁੱਬ ਗਈ। ਕਈ ਸਾਲਾਂ ਤੋਂ 'ਆਪ' ਮੁਖੀ ਅਰਵਿੰਦ ਕੇਜਰੀਵਾਲ ਨੇ ਜਮੁਨਾ ਦੀ ਸਫਾਈ ਨੂੰ ਲੈ ਕੇ ਲੋਕਾਂ ਨੂੰ ਧੋਖਾ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਜਮੁਨਾ ਦੀ ਸਫ਼ਾਈ ਲਈ ਦਿੱਤੇ ਹਜ਼ਾਰਾਂ ਕਰੋੜ ਰੁਪਏ ਵੀ ਖਰਚੇ ਗਏ ਪਰ ਜਮੁਨਾ ਗੰਦੀ ਹੀ ਰਹੀ। ਬਿਧੂੜੀ ਨੇ ਸੋਮਵਾਰ ਨੂੰ ਸੰਸਦ 'ਚ ਵੀ ਇਹ ਗੱਲ ਕਹੀ।



ਬਿਧੂੜੀ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦਿੱਲੀ ਵਿੱਚ ਜਮੁਨਾ ਨਦੀ ਦੀ ਸਫ਼ਾਈ ਨਾ ਕਰਨ ਦਾ ਪਾਪ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪਤਨ ਦਾ ਕਾਰਨ ਬਣਿਆ ਹੈ। ਕਾਲਕਾਜੀ ਤੋਂ ਚੁਣੇ ਗਏ 'ਆਪ' ਵਿਧਾਇਕ ਜਦੋਂ ਐਲ.ਜੀ ਦੇ ਕੋਲ ਆਪਣਾ ਅਸਤੀਫਾ ਲੈ ਕੇ ਪਹੁੰਚੀ ਤਾਂ ਐਲ.ਜੀ ਨੇ ਵੀ ਉਹਨਾਂ ਨੂੰ ਇਹੀਂ ਗੱਲ ਕਹੀ। ਕੇਜਰੀਵਾਲ ਨੇ 2020 ਵਿਧਾਨਸਭਾ ਚੋਣਾਂ ਵਿੱਚ ਜਮੁਨਾ ਦੀ ਸਫਾਈ ਨੂੰ ਲੈ ਕੇ ਦੋ ਵੱਡੇ ਵਾਅਦੇ ਕੀਤੇ ਸਨ। ਇਕ ਤਾਂ ਇਹ ਕਿ ਪੰਜ ਸਾਲ ਵਿੱਚ ਜਮੁਨਾ ਦੀ ਸਫਾਈ ਕਰਨਗੇ ਅਤੇ ਦੂਸਰਾ ਇਹ ਕਿ ਜੇਕਰ ਜਮੁਨਾ ਸਾਫ ਨਹੀਂ ਕਰ ਸਕੇ ਤਾਂ ਮੈਨੂੰ ਵੋਟ ਨਾ ਦਿਓ। ਲੋਕਾਂ ਨੇ ਇਹ ਗੱਲ ਯਾਦ ਰੱਖੀ ਅਤੇ ਉਹਨਾਂ ਨੂੰ ਸਜ਼ਾ ਦਿੱਤੀ। ਐਲ.ਜੀ ਨੇ ਜਦੋਂ ਜਮੁਨਾ ਦੀ ਸਫਾਈ ਦਾ ਬੀੜਾ ਚੁੱਕਿਆ, ਤਾਂ ਇਸਦੇ ਖਿਲਾਫ਼ ਕੇਜਰੀਵਾਲ ਕੋਰਟ ਚਲੇ ਗਏ, ਉਸ ਸਮੇਂ ਐਲ.ਜੀ ਨੇ ਜਮੁਨਾ ਦੀ 11 ਕਿਮੀ ਦੀ ਸਫਾਈ ਕਰਵਾਈ ਸੀ।

## ਲੋਕਾਂ ਨੂੰ ਪਾਣੀ ਨਹੀਂ ਮਿਲ ਰਿਹਾ, ਤੁਸ਼ੀ ਸਾਈਕਲ ਟਰੈਕ ਦਾ ਸੁਪਨਾ ਦੇਖ ਰਹੇ ਹੋ : ਸੁਪਰੀਮ ਕੋਰਟ

ਨਵੀ ਦਿੱਲੀ, 11 ਫਰਵਰੀ, (ਜਸਵਿੰਦਰ ਸਿੰਘ ਬਿੱਟਾ)-ਸੁਪਰੀਮ ਕੋਰਟ ਨੇ ਸੋਮਵਾਰ ਨੂੰ ਦੇਸ਼ ਭਰ ਵਿੱਚ ਵੱਖਰੇ ਸਾਈਕਲ ਟਰੈਕਾਂ ਦੇ ਨਿਰਮਾਣ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਰਾਜਾਂ ਕੋਲ ਸਸਤੀ ਆਵਾਸ ਯੋਜਨਾ ਲਈ ਫੰਡ ਨਹੀਂ ਹੈ। ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਨਹੀਂ ਮਿਲ ਰਿਹਾ ਅਤੇ ਤੁਸੀਂ ਸਾਈਕਲ ਟਰੈਕ ਬਣਾਉਣ ਦੇ ਸੁਪਨੇ ਦੇਖ ਰਹੇ ਹੋ।

ਜਸਟਿਸ ਏ.ਐਸ ਓਕਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਤਰਜੀਹਾਂ ਨੂੰ ਸਹੀ ਕਰਨਾ ਅਤੇ ਹੋਰ ਮਹੱਤਵਪੂਰਨ ਮੁੱਦਿਆਂ 'ਤੇ ਧਿਆਨ ਦੇਣਾ ਮਹੱਤਵਪੂਰਨ ਹੈ। ਅਦਾਲਤ ਨੇ ਪਟੀਸ਼ਨਰ ਨੂੰ ਕਿਹਾ ਕਿ ਉਹ ਝੁੱਗੀ-ਝੌਂਪੜੀਆਂ ਵਿੱਚ ਜਾ ਕੇ ਦੇਖਣ ਕਿ ਲੋਕ ਕਿਸ ਹਾਲਤ ਵਿੱਚ ਰਹਿ ਰਹੇ ਹਨ। ਰਾਜਾਂ ਕੋਲ ਸਸਤੀ ਆਵਾਸ ਯੋਜਨਾਵਾਂ ਲਈ ਪੈਸੇ ਨਹੀਂ ਹਨ ਅਤੇ ਅਸੀਂ ਸਾਈਕਲ ਟਰੈਕ ਬਣਾਉਣ ਦੇ ਸੁਪਨਾ ਦੇਖ ਰਹੇ ਹਾਂ । ਲੋਕਾਂ ਦੇ ਕੋਲ ਬੁਨਿਆਦੀ ਸਹੂਲਤਾਂ ਨਹੀਂ ਹਨ ਤੇ ਤੁਸੀ ਸਾਈਕਲ ਟਰੈਕ ਦੀ ਮੰਗ ਕਰ ਰਹੇ ਹਾਂ । ਅਦਾਲਤ ਨੇ ਕਿਹਾ ਕਿ ਸਾਡੀਆਂ ਤਰਜੀਹਾਂ ਗਲਤ ਦਿਸ਼ਾ ਵੱਲ ਜਾ ਰਹੀਆਂ ਹਨ। ਸਾਨੂੰ ਸਹੀ ਤਰਜੀਹਾਂ ਤੈਅ ਕਰਨੀਆਂ ਪੈਣਗੀਆਂ। ਸਾਨੂੰ ਆਰਟੀਕਲ 21 (ਜੀਵਨ ਦਾ ਅਧਿਕਾਰ ਅਤੇ ਨਿੱਜੀ ਆਜ਼ਾਦੀ) ਬਾਰੇ ਵਧੇਰੇ ਚਿੰਤਤ ਹੋਣਾ ਚਾਹੀਦਾ ਹੈ। ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਨਹੀਂ ਮਿਲ ਰਿਹਾ। ਸਰਕਾਰੀ ਸਕੂਲ ਬੰਦ ਹੋ ਰਹੇ ਹਨ ਤੇ ਤੁਸੀਂ ਸਾਈਕਲ ਟਰੈਕ ਦੀ ਮੰਗ ਕਰ ਰਹੇ ਹੋ ।

ਜਨਹਿਤ ਪਟੀਸ਼ਨ ਨੇ ਦੇਸ਼ ਭਰ ਵਿੱਚ ਵੱਖਰੇ ਸਾਈਕਲ ਟਰੈਕਾਂ ਦੇ ਨਿਰਮਾਣ ਦੀ ਮੰਗ ਕੀਤੀ ਹੈ। ਪਟੀਸ਼ਨਕਰਤਾ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਕਈ ਰਾਜਾਂ ਵਿੱਚ ਸਾਈਕਲ ਟਰੈਕ ਪਹਿਲਾਂ ਹੀ ਮੌਜੂਦ ਹਨ ਅਤੇ ਸੁਪਰੀਮ ਕੋਰਟ ਦੇ ਇੱਕ ਗੇਟ ਦੇ ਬਾਹਰ ਇੱਕ ਸਾਈਕਲ ਟਰੈਕ ਵੀ ਬਣਾਇਆ ਗਿਆ ਹੈ।



# BRAMPTON CASH AND CARRY

**WHOLESALER** | **IMPORTER**
**DISTRIBUTOR** | **RETAILER**

**Wholesaler, Importer, Distributor & Retailer of Restaurants Supply**







BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**

HURRY!

SPECIAL OFFER

BRAMPTON CASH & CARRY
Importer | Wholesaler | Retailer

WHITE ONION– 50 POUND

22 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800

HURRY!

SPECIAL OFFER

BRAMPTON CASH & CARRY
Importer | Wholesaler | Retailer

BRAR BESAN SUPER FINE

9.99 $




BRAR SWEET CORN FLOUR

4.99 $




SHER WHITE WHOLE WHEAT ATTA

15.99 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800


GRAND
OPENING
3643 PORTAGE RD, NIAGARA FALLS
CONTACT: +1 (416)700-9100
COMING
SOON
BRAMPTON CASH
AND CARRY
BRAMPTON
CASH & CARRY
IMPORTER | WHOLESALER | RETAILER
OPEN EVERYDAY FROM
9:00 AM TO 9:00 PM


Weight
10 Pond
Price
$5.99
BRAMPTON
CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800